ISSN : 2456 - 253X

ਮਨੁੱਖੀ ਕਦਰਾਂ ਦਾ ਰਚਨਾਤਮਕ ਸਫ਼ਰ

# ਆਬਰੂ

ਜਨਵਰੀ-ਮਾਰਚ 2021



ਮੁੱਲ : 75 ਰੁਪਏ

Scanned with OKEN Scanner

RNI : JKPUN/2002/6333

ISSN : 2456 - 253X

ਮਨੁੱਖੀ ਕਦਰਾਂ ਦਾ ਰਚਨਾਤਮਕ ਸਫ਼ਰ

*(A Creative Journey of Human Values)*

# ਆਬਰੂ

ਸਾਲ : 20 ਅੰਕ : 1 - 3

ਜਨਵਰੀ-ਮਾਰਚ 2021

## ਤਰਤੀਬ

ਸੰਪਾਦਕੀ : ਵਿਦਵਾਨ ਮਿੱਤਰ ਪਿਆਰੇ ਕੋਈ ਰਾਹ ਸੁਝਾਵਣ.../*ਬਲਜੀਤ ਸਿੰਘ ਰੈਨਾ/2*
ਡਾਇਰੀ : ਮੈਂ ਤੇ ਕਿਤਾਬਾਂ-6/*ਡਾ. ਮੋਨੋਜੀਤ/3*
ਵਿਸ਼ੇਸ਼ ਲੇਖ : ਭਾਰਤੀ ਮਾਨਵਤਾ ਦਾ ਪੁਨਰ ਜਨਮ/*ਦੇਵਿੰਦਰ ਸਿੰਘ ਵਿਸ਼ਵਨਾਗਰਿਕ/6*
ਕਹਾਣੀਆਂ : ਜਲਪਰੀ/*ਪਰਮਜੀਤ ਮਾਨ/9*
ਅੱਧੀ ਛੁੱਟੀ/*ਸਰਨਜੀਤ ਕੌਰ ਅਨਹਦ/13*
ਸਾਇਆ/*ਰਾਜਵੀਰ ਸਿੰਘ/18*
ਹਿੰਦੀ ਕਹਾਣੀ : ਦੁੱਖਾਂ ਦੀ ਕਟੋਰੀ ਸੁੱਖਾਂ ਦਾ ਛੱਲਾ/*ਮੂਲ ਹਿੰਦੀ : ਰੂਪਾ ਸਿੰਘ, ਅਨੁਵਾਦ : ਹਰਦੀਪ ਸਿੰਘ ਦੀਪ/23*
ਕਵਿਤਾਵਾਂ : ਨਵਾਂ ਸਾਲ, ਜ਼ਿੰਦਗੀ/*ਜੰਗ ਐੱਸ. ਵਰਮਨ/28*
ਸਿਰਜਣ ਪ੍ਰਕਿਰਿਆ : ਨਿਰਵਾਣ : ਮੇਰੀ ਨਾਵਲ ਸਿਰਜਣ ਪ੍ਰਕਿਰਿਆ/*ਡਾ. ਮਨਮੋਹਨ/29*
ਖੋਜ-ਪੱਤਰ : ਸਿੱਖ ਸਮਾਜ ਵਿੱਚ ਸਮਾਜਿਕ ਬਰਾਬਰੀ ਦਾ ਸੰਕਲਪ/*ਡਾ. ਬਲਜੀਤ ਕੌਰ/32*
: ਸੰਕਟਗ੍ਰਸਤ ਕੋਰੋਨਾ ਕਾਲ.../*ਡਾ. ਸੰਦੀਪ ਸਿੰਘ ਮੁੰਡੇ/34*
: ਕਹਾਣੀ ਦਾ ਰੰਗਮੰਚ : ਸਿਧਾਂਤ ਤੇ ਵਿਹਾਰ/*ਬਲਵਿੰਦਰ ਸਿੰਘ/37*
: ਚਰਨ ਸਿੰਘ ਕਾਵਿ : ਦਾਰਸ਼ਨਿਕ ਅਧਿਐਨ/*ਸੋਨੂੰ/42*
: ਅੰਮ੍ਰਿਤਾ ਪ੍ਰੀਤਮ ਦੇ ਉਪਨਿਆਸਾਂ ਵਿੱਚ ਨਾਰੀ/*ਕਮਲਪ੍ਰੀਤ ਕੌਰ/46*
: ਡਾ. ਜਗਤਾਰ ਦੀ ਕਵਿਤਾ ਦੇ ਕਾਵਿ ਰੂਪਾਕਾਰ/*ਡਾ. ਹਰਪ੍ਰੀਤ ਸਿੰਘ/49*
: ਮਹਾਨ ਦਾਰਸ਼ਨਿਕ ਕ੍ਰਾਂਤੀਕਾਰੀ.../*ਸੁਮਨ ਕਪੂਰ/54*
: ਪੰਜਾਬੀਓ! ਜੀਣਾ ਹੈ ਕਿ ਮਰਨਾ :.../*ਡਾ. ਹਰਜਿੰਦਰ ਸਿੰਘ/57*
: ਗੁਰੂ ਗ੍ਰੰਥ ਸਾਹਿਬ ਵਿੱਚ ਰਾਜਨੀਤਿਕ.../*ਸਿਮਰਜੀਤ ਕੌਰ/60*
: ਪੰਜਾਬੀ ਸਿਨੇਮਾ : ਵਿਭਿੰਨ ਪਾਸਾਰ.../*ਪ੍ਰੋ. ਗੁਰਪ੍ਰੀਤ ਸਿੰਘ ਬੁੱਟਰ /67*
: ਸੁਰਿੰਦਰ ਨੀਰ ਦਾ ਨਾਵਲ-ਸਭਿਆਚਾਰ ਤਣਾਅ.../*ਡਾ. ਅਮਰਜੀਤ ਸਿੰਘ/71*
: "ਨਿੰਦ੍ਰ ਘੁਗਿਆਣਵੀ ਦੀ ਵਾਰਤਕ ਸ਼ੈਲੀ–.../*ਡਾ. ਕਮਲਦੀਪ ਸਿੰਘ/74*
: ੧ਓ-ਸੰਕਲਪ, ਦਰਸ਼ਨ ਤੇ ਪਰੰਪਰਾਗਤ ਚਿੰਤਨ/*ਰੇਸ਼ਮ ਸਿੰਘ/77*
: ਪੰਜਾਬੀ ਅਤੇ ਉਰਦੂ ਦਾ ਭਾਸ਼ਾਈ ਤਅੱਲੁਕ :.../*ਅਮਰੀਕ ਸਿੰਘ/80*
: ਮੱਧਕਾਲੀ ਪੰਜਾਬੀ ਸਭਿਆਚਾਰ ਦੀ ਅਜੋਕੀ ਪ੍ਰਸੰਗਿਕਤਾ.../*ਡਾ. ਤਰਨਜੀਤ ਕੌਰ/84*
: ਗੁਰੂ ਨਾਨਕ ਬਾਣੀ ਵਿੱਚ ਪੇਸ਼.../*ਡਾ. ਕਿਰਨਦੀਪ ਸਿੰਘ/87*
: ਸਵਰਨ ਸਿੰਘ ਰਚਿਤ ਕਾਵਿ ਨਾਟਕ.../*ਪਰਮਜੀਤ ਕੌਰ/91*
: ਪੰਜਾਬ ਦੇ ਪਿੰਡਾਂ ਦੀ ਮੁੱਢਲੀ ਜਾਣ-ਪਛਾਣ/*ਗੁਲਜ਼ਾਰ ਸਿੰਘ/93*
ਵਿਅਕਤੀ ਚਿੱਤਰ : ਪਲ ਵਿੱਚ ਜੋਗੀ, ਪਲ ਵਿੱਚ ਭੋਗੀ :.../*ਸੁਖਦੇਵ ਬੈਨੀਪਾਲ/96*
ਸਮੀਖਿਆ : ਕਾਰਪੋਰੇਟ ਜਗਤ ਦੇ ਮਾਇਆ ਜਾਲ ਵਿੱਚ.../*ਨਿਰੰਜਣ ਬੋਹਾ/98*
ਗ਼ਜ਼ਲਾਂ : ਪ੍ਰੇਮ ਸਾਹਿਲ/*ii*, *ਅਜੀਤ ਸਿੰਘ 'ਮਸਤਾਨਾ'/iii*

ਸੰਪਾਦਕ
ਬਲਜੀਤ ਸਿੰਘ ਰੈਨਾ
ਮੋਬਾ : 97976-57211
ਸੰਪਾਦਕ ਮੰਡਲ
ਡਾ. ਮੋਨੋਜੀਤ
ਮੋਬਾ : 94191-39906
ਦੇਵਿੰਦਰ ਸਿੰਘ ਵਿਸ਼ਵਨਾਗਰਿਕ
ਮੋਬਾ : 95966-52796
ਜੰਗ ਐਸ. ਵਰਮਨ
ਮੋਬਾ : 94192-10834
ਸਹਾਇਕ ਸੰਪਾਦਕ
ਸੁਰਿੰਦਰ ਨੀਰ*
ਮੋਬਾ : 96220-06304
ਰਾਜਵੀਰ ਸਿੰਘ
ਮੋਬਾ : 84920-05225
ਗੁਰਪ੍ਰੀਤ ਕੌਰ
ਮੋਬਾ : 99060-03940
ਕਨੇਡਾ ਪ੍ਰਤੀਨਿਧ
ਡਾ. ਅਰਵਿੰਦਰ ਕੌਰ
ਮੋਬਾ : +1 416-450-0554

ਈਮੇਲ : baljeetraina58@gmail.com

ਮੁੱਲ : ਇਕ ਕਾਪੀ 75 ਰੁਪਏ
ਡਾਕ ਦੁਆਰਾ 100 ਰੁਪਏ
ਦੇਸ਼ ਸਲਾਨਾ : 300 ਰੁਪਏ
ਡਾਕ ਦੁਆਰਾ : 400 ਰੁਪਏ
ਜੀਵਨਸਾਥ : 5000 ਰੁਪਏ
ਵਿਦੇਸ਼ ਸਲਾਨਾ : 30 ਡਾਲਰ, 15 ਪੌਂਡ
ਜੀਵਨ ਸਾਥ : 500 ਡਾਲਰ, 250 ਪੌਂਡ

ਸੰਪਾਦਕ ਜਾਂ ਪ੍ਰਕਾਸ਼ਕ ਦਾ ਰਚਨਾਵਾਂ ਵਿੱਚ ਵਿਅਕਤ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਿਸੇ ਵੀ ਤਰ੍ਹਾਂ ਦੇ ਵਾਦ-ਵਿਵਾਦ ਦਾ ਹਲ ਜੰਮੂ ਵਿਖੇ ਹੀ ਹੋਵੇਗਾ।

* ਆਨਰੇਰੀ

ਛਾਪਕ, ਪ੍ਰਕਾਸ਼ਕ ਅਤੇ ਮਾਲਕ ਗੁਰਮੁਖ ਸਿੰਘ ਨੇ ਕਲਾਸਿਕ ਪ੍ਰਿੰਟਰਜ਼, ਬੜੀ ਬ੍ਰਾਹਮਣਾ ਤੋਂ ਛਪਵਾ ਕੇ 'ਦਫ਼ਤਰ ਆਬਰੂ' ਮਕਾਨ ਨੰਬਰ-5, ਕੁੰਜਵਾਨੀ, ਸ਼ਹੀਦ ਫਿਲਿੰਗ ਸਟੇਸ਼ਨ ਦੇ ਪਿੱਛੇ, ਜੰਮੂ 180010 ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ: ਬਲਜੀਤ ਸਿੰਘ ਰੈਨਾ

**Printer, Publisher, and Owner Gurmukh Singh Printed it at M/S Classic Printers, Bari Brahmana and Published at Aabru office, H.No.5, Kunjwani, Behind Shaheed Filling Station Jammu-180010. Editor, Baljeet Singh Raina**

Scanned with OKEN Scanner



# ਸਿੱਖ ਸਮਾਜ ਵਿੱਚ ਸਮਾਜਿਕ ਬਰਾਬਰੀ ਦਾ ਸੰਕਲਪ

— ਡਾ. ਬਲਜੀਤ ਕੌਰ —

ਸਿੱਖ ਦਰਸ਼ਨ ਅਤੇ ਲਹਿਰ ਵਿੱਚ ਭਗਤੀ ਲਹਿਰ ਦਾ ਹੀ ਸਿਖਰ ਅਤੇ ਸਭ ਤੋਂ ਸ਼ਕਤੀਸ਼ਾਲੀ ਤੇ ਜਥੇਬੰਦ ਰੂਪ ਹੈ। ਗੁਰੂ ਸਾਹਿਬਾਨ ਦੀ ਤਰਕ-ਯੁਕਤ, ਉਦਾਰਵਾਦੀ, ਮਾਨਵਤਾਵਾਦੀ ਅਤੇ ਲੋਕਤੰਤਰੀ ਸਿਖਿਆ ਨੇ ਸਹਿਜੇ-ਸਹਿਜੇ ਇਕ ਸੰਸਥਾ ਦਾ ਰੂਪ ਗ੍ਰਹਿਣ ਕਰ ਲਿਆ, ਜਿਹੜੀ ਬਾਅਦ ਵਿੱਚ ਸਿੱਖ ਧਰਮ ਦੇ ਨਾਂ ਨਾਲ ਪ੍ਰਸਿੱਧ ਹੋਈ। ਸਿੱਖ ਜਰਸ਼ਨ ਦਾ ਇਕ ਪ੍ਰਮੱਖ ਪਾਸਾਰ ਇਹ ਹੈ ਕਿ ਧਰਮਸੱਤਾ ਇਕ ਹੈ ਅਤੇ ਇਹ ਸਰਵ ਵਿਆਪਕ ਹੈ। ਮਨੁੱਖ ਇਸ ਧਰਮ-ਪ੍ਰਕ੍ਰਿਤ ਸ਼ਕਤੀ ਦਾ ਇਕ ਛੋਟਾ ਜਿਹਾ ਅੰਸ਼ ਹੈ। ਇਸ ਲਈ ਸਾਰੇ ਮਨੁੱਖ ਬਰਾਬਰ ਹਨ। ਇਸ ਫਲਸਫੇ ਅਨੁਸਾਰ ਮਨੱਖਾਂ ਵਿੱਚ ਨਜ਼ਰ ਆਉਂਦਾ ਅੰਤਰ ਬੁਨਿਆਦੀ ਨਹੀਂ ਹੈ ਜਾਂ ਇਹ ਮੂਲ ਸਰੋਤ ਨਾਲ ਸੰਬੰਧਿਤ ਨਹੀਂ ਹੈ। ਇਹ ਅੰਤਰ ਵਿਕਾਸ ਦੀ ਵੱਖਰੀ-ਵੱਖਰੀ ਪ੍ਰਕ੍ਰਿਤੀ ਅਤੇ ਦਰਜੇ ਕਾਰਨ ਹੈ ਜਾਂ ਇਹ ਆਰਥਿਕ-ਰਾਜਨੀਤਿਕ, ਸਮਾਜ-ਸਭਿਆਚਾਰ ਅਤੇ ਭੂਗੋਲਿਕ-ਵਾਤਾਵਰਣਕ ਤੱਤਾਂ ਦੀ ਲੱਖਾਂ ਮਾਲਾ ਦੀ ਅੰਤਰ-ਕ੍ਰਿਆ ਨਾਲ ਸੰਬੰਧਿਤ ਹੈ। ਇਹ ਅੰਤਰ ਵਿਕਾਸ ਸਾਰੇ ਜੀਵਾਂ ਅਤੇ ਵਿਸ਼ੇਸ਼ ਕਰਕੇ ਮਨੁੱਖ ਜਾਤੀ ਦਾ ਨਿਕਾਸ ਤੇ ਵਿਕਾਸ ਇਕ ਤੱਤ/ਇਕ ਨੂਰ ਤੋਂ ਹੋਇਆ ਹੈ। ਗੁਰੂ ਸਾਹਿਬਾਨ ਨੇ ਆਪਣੀ ਕਾਵਿ ਸਿਰਜਣਾ ਵਿੱਚ ਵਾਰ-ਵਾਰ ਜ਼ੋਰ ਦਿੱਤਾ ਕਿ ਵੱਖ ਅਕੀਦਿਆਂ ਤੇ ਵਰਗਾਂ ਦੇ ਮਨੁੱਖ ਬਾਹਰੀ ਦਿੱਖ ਦੇ ਵੱਖ-ਵੱਖ ਹੋਣ ਦੇ ਬਾਵਜੂਦ ਉਨ੍ਹਾਂ ਅੰਦਰ ਸਾਂਝੇ ਤੇ ਇਕ ਸਮਾਨ ਮਨੱਖੀ ਤੱਤ ਮੌਜੂਦ ਹਨ। ਗੁਰੂ ਨਾਨਕ ਸਾਹਿਬ ਨੇ ਆਪਣੇ ਵਿਸ਼ਾਲ ਅਨੁਭਵ, ਅਭਿਆਸ, ਕਲਪਨਾ ਅਤੇ ਗਿਆਨ ਦੇ ਸਹਾਰੇ ਮਨੁੱਖਤਾ ਦੀ ਏਕਤਾ ਨੂੰ ਮਹਿਸੂਸ ਕੀਤਾ ਅਤੇ ਸਮੁੱਚੀ ਮਾਨਵਤਾ ਨੂੰ ਇਕ ਦ੍ਰਿਸ਼ਟੀ ਨਾਲ ਵੇਖਣ ਦੀ ਚੇਤਨਾ ਪ੍ਰਦਾਨ ਕੀਤੀ। ਇਸ ਤਰ੍ਹਾਂ ਸਿੱਖ-ਦਰਸ਼ਨ ਦੀ ਮੂਲ ਭਾਵਨਾ ਮਨੁੱਖੀ ਬਰਾਬਰੀ ਤੇ ਏਕਤਾ ਵਿੱਚ ਹੈ। ਗੁਰੂ ਨਾਨਕ ਦੇਵ ਜੀ ਨੇ ਸਪਸ਼ਟ ਐਲਾਨ ਕੀਤਾ : ਏਕੁ ਪਿਤਾ ਏਕਸ ਕੇ ਹਮ ਬਾਰਿਕ, ਨ ਹਮ ਹਿੰਦੂ ਨ ਮੁਸਲਮਾਨ ਅਤੇ ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੇ ਚਾਨਣ ਸਭ ਮਹਿ ਚਾਨਣ ਹੋਇ॥ ਇਨ੍ਹਾਂ ਐਲਾਨਾਂ ਦੇ ਅਰਥ ਇਹੀ ਹਨ ਕਿ ਮਨੁੱਖ ਨੂੰ ਜਾਤ, ਧਰਮ, ਰੰਗ, ਨਸਲ, ਲਿੰਗ, ਖੇਤਰ ਤੇ ਬੋਲੀ-ਭਾਸ਼ਾ ਵਿਸ਼ੇਸ਼ ਆਧਾਰ ਤੇ ਵੰਡਣਾ ਠੀਕ ਨਹੀਂ ਹੈ। ਉਨ੍ਹਾਂ ਨੇ ਮਨੁੱਖੀ ਸ਼ਰੀਰ ਨੂੰ ਕਾਇਨਾਤ/ਕੁਦਰਤ/ ਬ੍ਰਹਿਮੰਡ ਦਾ ਇਕ ਮੰਦਰ ਕਹਿ ਕੇ ਇਸ ਦੇ ਸਤਿਕਾਰ ਨੂੰ ਦ੍ਰਿੜਾਇਆ ਹੈ :-

"ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ"[1]

ਗੁਰੂ ਸਾਹਿਬਾਨ ਨੇ ਵਿਅਕਤੀਗਤ ਅਤੇ ਸਮਾਜਿਕ ਜੀਵਨ ਦੇ ਵਿਕਾਸ ਤੇ ਉੱਚਤਾ ਵੱਲ ਇਕੋ ਸਮੇਂ ਬਲ ਤੇ ਧਿਆਨ ਦਿੱਤਾ। ਵਿਅਕਤੀ ਤੇ ਸਮਾਜ ਆਪਸ ਵਿੱਚ ਵਿਰੋਧ ਵਿਕਾਸੀ ਸੰਬੰਧਾਂ ਨਾਲ ਬੱਝੇ ਹੋਏ ਹਨ। ਇਕ ਦਾ ਵਿਕਾਸ ਦੂਜੇ ਉੱਤੇ ਨਿਰਭਰ ਕਰਦਾ ਹੈ। ਵਿਅਕਤੀਗਤ ਜ਼ਿੰਦਗੀ ਸਮੂਹਿਕ ਜਨ-ਜੀਵਨ ਦੇ ਅਧੀਨ ਅਤੇ ਅੰਤਰਗਤ ਹੋਵੇ, ਨਿਜਹਿੱਤ ਜਨ-ਹਿੱਤਾਂ ਵਿੱਚ ਸਮੋਏ-ਪਰੋਏ ਹੋਵੇ। ਨਿੱਜੀ ਸੁਆਰਥ ਜਾਂ ਹਿੱਤ ਛੱਡੇ ਜਾਂ ਤਿਆਗੇ ਨਹੀਂ ਜਾ ਸਕਦੇ। ਜੀਵਨ ਨਿਰਬਾਹ ਲਈ ਪੈਸਾ ਲੋੜੀਂਦਾ ਹੈ। ਪਰ ਨਿਰਭਰ ਹੋਣ ਦੀ ਥਾਂ ਆਪਣੇ ਪੈਰਾਂ ਉੱਤੇ ਖੜ੍ਹੇ ਹੋਣ ਦੀ ਬੇਹੱਦ ਲੋੜ ਹੈ।

"ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥"[2]

ਆਪਣੇ ਪੈਰਾਂ 'ਤੇ ਖੜ੍ਹੇ ਹੋਣਾ ਹੈ, ਪਰ ਗੁਆਂਢੀ ਨੂੰ ਡੇਗ ਕੇ ਨਹੀਂ। ਪੈਸੇ ਦੀ ਲੋੜ ਹੈ, ਪਰ ਦੂਜੇ ਦਾ ਖੋਹਣਾ ਨਹੀਂ: ਕਿਸੇ ਵੀ ਤਰ੍ਹਾਂ ਤੇ ਕਿਸੇ ਵੀ ਰੂਪ ਵਿੱਚ। ਇਸ ਲਈ ਸੱਚੇ-ਸੁੱਚੇ ਯਤਨ ਕਰਨੇ ਹਨ, ਦਸਾਂ ਨਹੁੰਆਂ ਦੀ ਕਿਰਤ ਕਰਨੀ ਹੈ। ਕਿੰਨੀ ਮਾਇਆ ਕਿੰਨੇ ਪੈਸੇ ਲੋੜੀਂਦੇ ਹਨ? ਸਫਲ ਜੀਵਨ ਨਿਰਬਾਹ ਕਰਨ ਲਈ, ਮੂਲ-ਮੁਢਲੀਆਂ ਲੋੜਾਂ ਦੀ ਪੂਰਤੀ ਕਰਨ ਲਈ। ਕਿਹੜੀਆਂ ਹਨ ਮਨੁੱਖ ਦੀ ਬੁਨਿਆਦੀ ਲੋੜਾਂ? ਰੋਟੀ, ਕਪੜਾ, ਮਕਾਨ, ਸਿਹਤ ਤੇ ਸਿਖਿਆ, ਇਨ੍ਹਾਂ ਦੀ ਪੂਰਤੀ ਲਈ ਦੂਜੇ ਦਦਾ ਹੱਕ ਨਹੀਂ ਮਾਰਨਾ, ਖੋਹਣਾ ਨਹੀਂ, ਚੋਰੀ ਨਹੀਂ ਕਰਨੀ, ਠੱਗੀ ਨਹੀਂ ਮਾਰਨੀ ਅਤੇ ਇਨ੍ਹਾਂ ਦੀ ਪ੍ਰਾਪਤੀ ਲਈ ਨੈਤਿਕ ਕਦਰਾਂ-ਕੀਮਤਾਂ ਦਾ ਪੱਲਾ ਨਹੀਂ ਛੱਡਣਾ। ਆਪਣੇ ਜਗਤ ਵਿਕਾਸ ਲਈ ਯਤਨਸ਼ੀਲ ਹੋਣਾ ਹੈ, ਪਰ ਦੂਜਿਆਂ ਦਾ ਵਿਕਾਸ ਰੋਕ ਕੇ ਨਹੀਂ, ਉਨ੍ਹਾਂ ਨੂੰ ਪੈਰਾਂ ਹੇਠਾਂ ਲਿਤਾੜ ਕੇ ਨਹੀਂ। ਆਪਣੀ ਲੀਕ ਲੰਮੀ ਕਰਨ ਦਾ ਯਤਨ ਕਰਨਾ ਹੈ, ਪਰ ਦੂਜੇ ਦੀ ਛੋਟੀ ਕਰਕੇ ਆਪਣੀ ਲੰਮੀ ਦਰਸਾਉਣ ਦੀ ਇੱਛਾ ਨੂੰ ਪਨਪਣ ਹੀ ਨਹੀਂ ਦੇਣਾ। ਜਿਹੜੀ ਹੱਕ ਹਲਾਲ ਦੀ ਕਮਾਈ ਕਰਨੀ ਹੈ ਉਸ ਵਿੱਚੋਂ ਲੋੜਵੰਦਾਂ-ਅਪੰਗਾਂ, ਬਿਮਾਰਾਂ ਤੇ ਬੇਕਾਰਾਂ ਲਈ ਦਸਵੰਧ ਕੱਢਨਾ ਹੈ ਅਤੇ ਅਜਿਹਾ ਕਰਦਿਆਂ ਹਉਮੈ-ਹੰਕਾਰ ਨੂੰ ਨੇੜੇ ਨਹੀਂ ਫੜਕਣ ਦੇਣਾ। ਭਾਈ ਗੁਰਦਾਸ ਜੀ ਲਿਖਦੇ ਹਨ :-

"ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇਕੈ ਭਲਾ ਮਨਾਵੈ॥"[3]

ਗੁਰੂ ਸਾਹਿਬਾਨ ਅਜਿਹਾ ਆਰਥਿਕ-ਸਮਾਜਿਕ ਪ੍ਰਬੰਧ ਚਾਹੁੰਦੇ ਸਨ, ਜਿਸ ਵਿੱਚ ਮਨੁੱਖ-ਮਨੁੱਖ ਦਰਮਿਆਨ ਪਾੜੇ ਨਾ ਵਧਣ। ਕੋਈ ਬਹੁਤਾ ਧਨਵਾਨ ਤੇ ਕੋਈ ਬਹੁਤਾ ਧਨਵਾਨ-ਬਲਵਾਨ ਤੇ ਕੋਈ ਕੰਗਾਲ ਤੇ ਬਲਹੀਣ-ਕਮਜ਼ੋਰ ਨਾ ਹੋਵੇ। ਕਿਸੇ ਅਗਲੇਰੇ ਸੰਸਾਰ ਵਿੱਚ ਜਾ ਕੇ ਸਵਰਗ ਦੀ ਝਾਕ ਰਖਣ ਵਾਲਿਆਂ ਨੂੰ ਗੁਰੂ ਸਾਹਿਬ ਨੇ ਸਮਝਾਇਆ ਕੇ ਇਸ ਧਰਤੀ ਉੱਤੇ ਜੀਵਨ ਨੂੰ ਏਨਾ ਸੋਹਣਾ ਬਣਾਇਆ ਜਾਏ ਕਿ ਕੋਈ ਦੁਖੀ ਰਹੇ ਹੀ ਨਾ। ਉਨ੍ਹਾਂ ਅਨੁਸਾਰ ਲੋਕਾਂ ਦੇ ਦਰਮਿਆਨ ਆਪਸੀ ਪਿਆਰ ਦੇ ਅਭਾਵ ਅਤੇ ਭਾਈਚਾਰਕ ਸਾਂਝ ਦੀ ਅਣਹੋਂਦ ਕਾਰਨ ਆਪਣੇ-ਆਪਣੇ ਵਾਸਤੇ ਧਨ-ਦੌਲਤ ਜਮਾ ਕਰਨ ਦੀ ਹੋੜ ਤੇ ਦੌੜ-ਭਜ ਰਿਹਾ ਹੈ :-

"ਨਾਨਕ ਦੁਨੀਆ ਕੈਸੀ ਹੋਈ॥ ਸਾਲਕੁ ਮਿਤੁ ਨ ਰਹਿਓ ਕੋਈ॥
ਭਾਈ ਬੰਧੀ ਹੇਤੁ ਚੁਕਾਇਆ॥ ਦੁਨੀਆ ਕਾਰਣਿ ਦੀਨੁ ਗਵਾਇਆ॥"

ਇਸ ਵਿਚਾਰ ਨੂੰ ਭਗਤ ਕਬੀਰ ਜੀ ਨੇ ਇਸ ਤਰ੍ਹਾਂ ਪੇਸ਼ ਕਰਦੇ ਹਨ :-

"ਕਬੀਰ ਦਾਵੈ ਦਾਝਨੁ ਹੋਤੁ ਹੈ ਨਿਰਦਾਵੈ ਰਹੈ ਨਿਸੰਕ॥
ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ॥"[5]

ਭਾਵ ਜਿਵੇਂ-ਜਿਵੇਂ ਲੋਕ ਜਾਇਦਾਦਾਂ ਬਣਾ ਰਹੇ ਹਨ, ਤਿਵੇਂ-ਤਿਵੇਂ ਸਮਾਜ ਵਿੱਚ ਤਨਾਅ ਅਤੇ ਟਕਰਾਓ ਵੱਧ ਰਹੇ ਹਨ। ਦੁਨੀਆ ਭਰ ਦੇ ਚਿੰਤਕਾਂ, ਵਿਦਵਾਨਾਂ ਅਤੇ ਦਾਰਸ਼ਨਿਕਾਂ ਦੀ ਇਕ ਸਾਂਝੀ ਸਮਝ ਹੈ ਕਿ ਮਾਇਆ ਸੰਚਿਤ ਹੋਣ ਵੇਲੇ, ਮਾਇਆ ਜਦੋਂ ਪੂੰਜੀ (Capital) ਦੀ ਸ਼ਕਲ ਗ੍ਰਹਿਣ ਕਰਦੀ ਹੈ, ਜਦੋਂ ਕਿਤੇ ਜਾਇਦਾਦ ਦੀ ਢੇਰੀ ਉੱਚੀ ਅਤੇ ਵੱਡੀ ਹੁੰਦੀ ਹੈ, ਤਾਂ ਉਸ ਵੇਲੇ ਲਾਜ਼ਮੀ ਗਰੀਬਾਂ, ਕਿਰਤੀਆਂ ਤੇ ਮਿਹਨਤਕਸ਼ਾਂ ਦਾ ਲਹੂ ਨਿਚੋੜਿਆ ਜਾਂਦਾ ਹੈ ਅਤੇ ਉਹ ਹੌਲੀ-ਹੌਲੀ ਆਪਣੀ ਨਿਗੂਣੀ ਜਾਇਦਾਦ ਤੋਂ ਵੰਚਿਤ-ਵਿਹੂਣੇ ਕਰ ਦਿਤੇ ਜਾਂਦੇ ਹਨ ਅਤੇ ਉਹ ਸਰਵਹਾਰਿਆਂ ਵਿੱਚ ਪਰਵਰਤਿਤ ਹੋ ਜਾਂਦੇ ਹਨ। ਅਮੀਰਾਂ ਦੀ ਕਮਾਈ ਗਰੀਬਾਂ ਦੀ ਹਾਨੀ ਉੱਤੇ ਨਿਰਭਰ ਕਰਦੀ ਹੈ। ਜਦੋਂ ਕਿਤੇ ਭਰਤੀ ਪੈਂਦੀ ਹੈ ਤਾਂ ਕਿਤੇ ਹੋਰ ਟੋਆ ਜ਼ਰੂਰ ਪੁਟਿਆ ਜਾਂਦਾ ਹੈ। ਮਾਰਕਸ ਇਸ ਨੂੰ ਵਾਫਰ ਮੁੱਲ (Surplus Value) ਕਹਿੰਦਾ ਹੈ। ਸਪੈਂਸਰ ਆਖਦਾ ਹੈ :- ਅਮੀਰ ਧੋਖੇ ਨਾਲ ਹੀ ਬਣ ਸਕਦਾ ਹੈ। ਇਸ ਸੱਚ ਨੂੰ ਅਜ ਤੋਂ ੫੫੦ ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਕਹਿ ਗਏ ਸਨ :-

"ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥"[6]

ਮਾਇਆ/ਦੌਲਤ/ਜਾਇਦਾਦ/ ਪੂੰਜੀ ਦੀ ਬਹੁਲਤਾ ਤੇ ਥੋੜ੍ਹੀ ਹੋਣ ਦੀ ਸਥਿਤੀ ਨੂੰ ਗੁਰੂ ਸਾਹਿਬ ਇਸ ਤਰ੍ਹਾਂ ਵਰਨਣ ਕਰਦੇ ਹਨ :-

"ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ॥
ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ॥
ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ॥"[7]

ਗੁਰੂ ਨਾਨਕ ਦੇਵ ਜੀ ਪੂੰਜੀਪਤੀਆਂ ਨੂੰ ਤਾੜਨਾ ਵੀ ਕਰਦੇ ਹਨ ਅਤੇ ਲਾਹਨਤਾਂ ਵਾ ਪਾਉਂਦੇ ਹਨ :-

"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥"[8]

### ਹਵਾਲੇ ਅਤੇ ਟਿੱਪਣੀਆਂ


1. ਆਦਿ ਗ੍ਰੰਥ, ਪੰਨਾ ੧੨੫੫.
2. ਉਹੀ, ਪੰਨਾ ੧੩੭੮.
3. ਭਾਈ ਗੁਰਦਾਸ ਜੀ, ਵਾਰ ੬, ਪਉੜੀ ੧੨.
4. ਆਦਿ ਗ੍ਰੰਥ, ਪੰਨਾ ੧੪੧੦.
5. ਉਹੀ, ਪੰਨਾ ੧੩੬੪.
6. ਉਹੀ, ਪੰਨਾ ੪੧੭.
7. ਉਹੀ, ਪੰਨਾ ੧੦੧੯.
8. ਉਹੀ, ਪੰਨਾ ੧੪੧.


ਮੋਬਾ. 9419117484

---

(ਪੰਨਾ 28 ਦਾ ਬਾਕੀ)

ਸੰਪੂਰਣ ਜਨਣੀ, ਫਿਰ ਕਹਾਵੇ ਕਿਓਂ ਨਿਰਜੀਵ, ਮਿੱਟੀ
ਨਿੱਤ ਦਿਨ ਮੇਰੇ ਮਨ ਇਹ ਗੱਲ, ਖੱਲਲ ਮਚਾਉਂਦੀ ਹੈ।

ਖਣਿਜ ਪਦਾਰਥ, ਅੰਨ-ਅਨਾਜ ਤੇ ਜੀਵ-ਜੰਤ ਅਨੇਕ
ਪੈਦਾ ਕਰ ਸਕਦੀ ਹੈ ਆਂਪਣੀ ਕੁੱਖ ਵਿੱਚੋਂ, ਇਹ ਜਨਣੀ
ਨਿਰਜੀਵ ਭਲਾ ਫਿਰ ਕਿੰਵੇ ਹੋ ਸਕਦੀ ਹੈ, ਜੰਮਣ ਵਾਲੀ
ਜੰਮੇ, ਜੀਵ-ਜੰਤ, ਵਨਸਪਤੀ, ਪਾਲੇ ਸੱਭ ਨੂੰ ਜੋ ਜਨਣੀ?

ਵਾਲੀ ਜਿੰਦਗੀ ਜੀਓਣ, ਭੇਜਿਆ ਜੱਗ ਤੇ ਇਨਸਾਨ ਨੂੰ
ਰਹਿਣ ਨੂੰ ਸਦਾ ਜ਼ੱਗ 'ਚ ਹੱਸਦਾ, ਖੇਲਦਾ ਤੇ ਫੱਲਦਾ
ਠੱਗ ਪਵੇ ਚਲਾਕੀਆਂ ਉਹ ਦਿਖਾਉਣ, ਭ੍ਰਮਾਓਣ ਲਈ
ਝਫੜ੍ਹੇ ਕੁੱਟੇ ਤੇ ਸਦਾ ਰਹੇ ਉਹ ਫਰੇਬੀ ਚਾਲਾਂ ਚੱਲਦਾ।

ਸ੍ਰੇਸ਼ਟ ਕਹਿ ਇਨਸਾਨ ਖ਼ੁਦ ਨੂੰ, ਖ਼ੁਦੀ ਤੋਂ ਖ਼ੁਦ ਨੂੰ ਠੱਗਦੇ
ਕਦੇ ਤਿਲਕੇ, ਕਦੇ ਡਿੱਘੇ, ਤੇ ਕਦੇ ਉਹ ਪੂਰਾ ਠਣ ਜਾਂਦਾ
ਹੋਇਆ ਮਸਤ, ਦਖਲ ਕਰੇ ਖ਼ੁਦਾਈ ਦੇ ਰੰਗਾਂ ਢੰਗਾਂ ਵਿੱਚ
ਬਣਾਉਂਦਾ ਮੂਰਖ ਦੂਜਿਆਂ ਨੂੰ, ਖ਼ੁਦ ਹੀ ਮੂਰਖ ਬਣ ਜਾਂਦਾ।

ਅਖਵਾਉਂਦਾ ਜੋ ਸ਼੍ਰੇਸ਼ਟ, ਬਚਾ ਸਕੇ ਨ ਆਪਣੀ ਹਸਤੀ
ਆਖਿਰ ਸਮੇਟ ਬਸਤਾ ਆਪਣਾ, ਬਸਤੀ ਉਹ ਛੱਡ ਜਾਂਦਾ
ਨਿੰਦਾ ਸੀ ਪੈਰ ਦੀ ਠੋਕਰ ਸੱਭ ਨੂੰ, ਬੁੱਧੀਹੀਣ, ਨਿਰਜੀਵ
ਪਤਾ ਨਹੀਂ ਕਿਸ ਅਨਜਾਨੀ ਬਸਤੀ, ਹੈ ਉਹ ਵੱਸ ਜਾਂਦਾ।

ਤੱਤ ਜੋ ਤੂੰ ਸਮਝੇ ਨਿਰਜੀਵ, ਅਸਲ ਉਹ ਹਨ ਜੀਵਿਤ
ਛੋਟਾ ਪੱਥਰ ਤੇ ਵੱਡਾ ਪੱਥਰ ਜਿਵੇਂ ਇਸ਼ਾਰਾ ਵੀ ਕਰਦੇ ਨੇ
ਬਹੁਤ ਹੀ ਸੀਮਤ ਚਾਲ ਵੱਧਣ-ਫੁੱਲਣ ਦੀ ਹੈ ਇਨ੍ਹਾਂ ਦੀ
ਚੱਲੇ ਹੀ ਨ ਮਾਤਰ, ਪਰ ਸਫਰ ਤਾਂ ਉਹ ਵੀ ਕਰਦੇ ਨੇ।

ਸ੍ਰਿਸ਼ਟੀ ਵਿੱਚ ਜੋ ਵੀ ਹੈ ਸਮਾਈ, ਹਰ ਸ਼ੈਅ ਹੈ ਜੀਵਿਤ
ਸੋਝੀ ਕਰ ਪੈਦਾ ਭਲਿਆ ਲੋਕਾ, ਤੂੰ ਆਪਣੇ ਮਨ ਅੰਦਰ
ਸੋਚੇ, ਸਮਝੇਂ ਹੈਂ ਜੋ ਵੀ ਤੂੰ, ਛੱਡ ਕੇ ਦੇਖ, ਭਲਿਆ ਲੋਕਾ
ਦਿੱਸੇਗੀ ਜਿੰਦਗੀ ਤੈਨੂੰ, ਸ੍ਰਿਸ਼ਟੀ ਦੇ ਕਣ-ਕਣ ਦੇ ਅੰਦਰ।

ਮੋਬਾ. 9419210834

---

## ਸੋਧ



ਪਿਛਲੇ ਆਬਰੂ ਅਕਤੂਬਰ-ਦਸੰਬਰ 2020 ਅੰਕ ਦੇ ਪੰਨਾ 86 ਤੇ ਖੋਜਾਰਥੀ ਗੁਰਪ੍ਰੀਤ ਸਿੰਘ ਦੇ ਖੋਜ ਪੱਤਰ ਨਾਲ ਗਲਤ ਫੋਟੋ ਛਪ ਗਈ ਸੀ। ਇਹ ਉਨ੍ਹਾਂ ਦੀ ਸਹੀ ਫੋਟੋ ਹੈ।